

# ਐਮਰਜੈਂਸੀ ਰਿਕਵਰੀ ਸਹਾਇਤਾ ਪ੍ਰੋਗਰਾਮ

**ਜਨਵਰੀ 2026 ਦੀਆਂ ਜੰਗਲੀ ਅੱਗਾਂ**

## ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ

ਜੇਕਰ ਤੁਸੀਂ ਤੁਰੰਤ ਖ਼ਤਰੇ ਵਿੱਚ ਹੋ, ਤਾਂ **ਟ੍ਰਿਪਲ ਜ਼ੀਰੋ (000) 'ਤੇ ਕਾਲ ਕਰੋ।**

ਇਸ ਦਸਤਾਵੇਜ਼ ਵਿੱਚ Emergency Recovery Support Program (ਐਮਰਜੈਂਸੀ ਰਿਕਵਰੀ ਸਹਾਇਤਾ ਪ੍ਰੋਗਰਾਮ) ਬਾਰੇ ਜਾਣਕਾਰੀ ਦਿੱਤੀ ਗਈ ਹੈ।

ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਲਈ 131 450 'ਤੇ ਕਾਲ ਕਰੋ।

## ਕਿਹੜੀ ਸਹਾਇਤਾ ਉਪਲਬਧ ਹੈ?

ਐਮਰਜੈਂਸੀ ਰਿਕਵਰੀ ਸਹਾਇਤਾ ਪ੍ਰੋਗਰਾਮ ਕਿਸੇ ਵੱਡੀ ਐਮਰਜੈਂਸੀ ਤੋਂ ਬਾਅਦ ਲੋਕਾਂ ਅਤੇ ਪਰਿਵਾਰਾਂ ਦੀ ਮਦਦ ਕਰਦਾ ਹੈ।

ਅਕਸਰ ਇਹ ਸਮਝਣਾ ਔਖਾ ਹੁੰਦਾ ਹੈ ਕਿ ਅਗਲਾ ਕਦਮ ਕੀ ਹੋਣਾ ਚਾਹੀਦਾ ਹੈ। ਰਿਕਵਰੀ ਸਹਾਇਤਾ ਅਧਿਕਾਰੀ (Recovery Support Officers) ਤੁਹਾਡਾ ਮਾਰਗਦਰਸ਼ਨ ਕਰ ਸਕਦੇ ਹਨ।

ਉਹ ਤੁਹਾਡੀ ਹੇਠ ਲਿਖੀਆਂ ਗੱਲਾਂ ਵਿੱਚ ਮਦਦ ਕਰ ਸਕਦੇ ਹਨ, ਜਿਵੇਂ ਕਿ:

- ਸਿਹਤ ਅਤੇ ਭਲਾਈ ਨਾਲ ਸੰਬੰਧਿਤ ਸੇਵਾਵਾਂ
- ਵਿੱਤੀ ਸਲਾਹ ਅਤੇ ਸਹਾਇਤਾ
- ਸਥਾਨਕ ਸੇਵਾਵਾਂ ਲੱਭਣਾ
- ਬੀਮਾ ਅਤੇ ਕਾਨੂੰਨੀ ਸਵਾਲ
- ਸਰਕਾਰੀ ਸੇਵਾਵਾਂ ਲਈ ਰਜਿਸਟਰ ਕਰਨਾ।

ਸਹਾਇਤਾ ਵਿੱਚ ਸਲਾਹ, ਰੈਫਰਲ, ਜਾਂ ਲੋੜ ਪੈਣ 'ਤੇ ਵਧੇਰੇ ਵਿਸਥਾਰਕ ਮਦਦ ਵੀ ਸ਼ਾਮਲ ਹੋ ਸਕਦੀ ਹੈ।

ਇੱਕ ਰਿਕਵਰੀ ਸਹਾਇਤਾ ਅਧਿਕਾਰੀ ਤੁਹਾਡੀਆਂ ਜ਼ਰੂਰਤਾਂ ਨੂੰ ਸਮਝਣ ਅਤੇ ਤੁਹਾਨੂੰ ਸਹੀ ਸਹਾਇਤਾ ਨਾਲ ਜੋੜਨ ਲਈ ਤੁਹਾਡੇ ਨਾਲ ਮਿਲ ਕੇ ਕੰਮ ਕਰੇਗਾ।

## ਉਹ ਲੋਕ ਜੋ ਇਸ ਇਲਾਕੇ ਤੋਂ ਦੂਰ ਚਲੇ ਗਏ ਹਨ

ਭਾਵੇਂ ਤੁਸੀਂ ਐਮਰਜੈਂਸੀ ਖੇਤਰ ਤੋਂ ਦੂਰ ਚਲੇ ਗਏ ਹੋ, ਫਿਰ ਵੀ ਤੁਹਾਨੂੰ ਮਦਦ ਮਿਲ ਸਕਦੀ ਹੈ। ਤੁਸੀਂ ਹੁਣ ਜਿੱਥੇ ਰਹਿੰਦੇ ਹੋ, ਉੱਥੇ ਵੀ ਸਹਾਇਤਾ ਉਪਲਬਧ ਹੋ ਸਕਦੀ ਹੈ।

## ਮੱਦਦ ਕਿਵੇਂ ਪ੍ਰਾਪਤ ਕਰਨੀ ਹੈ

### ਫ਼ੋਨ ਰਾਹੀਂ

- ਤੁਸੀਂ Emergency Recovery Hotline (ਐਮਰਜੈਂਸੀ ਰਿਕਵਰੀ ਹੌਟਲਾਈਨ) ਨੂੰ 1800 560 760 'ਤੇ ਕਾਲ ਕਰ ਸਕਦੇ ਹੋ (ਦੁਭਾਸ਼ੀਏ ਲਈ 9 ਦਬਾਓ ਜਾਂ ਅਨੁਵਾਦ ਅਤੇ ਦੁਭਾਸ਼ੀਏ ਸੇਵਾਵਾਂ ਨੂੰ 131 450 'ਤੇ ਕਾਲ ਕਰੋ)।

### ਹੋਰ ਮਦਦ ਅਤੇ ਸਹਾਇਤਾ

**https://services.dffh.vic.gov.au/emergency-relief-and-recovery-services 'ਤੇ ਜਾਓ।**

ਤੁਸੀਂ ਇਹ ਵੀ ਕਰ ਸਕਦੇ ਹੋ:

- ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ।
- VicEmergency (ਵਿਕ ਐਮਰਜੈਂਸੀ) ਸੇਵਾ ਨੂੰ 1800 226 226 'ਤੇ ਕਾਲ ਕਰੋ।

**ਇਸ ਦਸਤਾਵੇਜ਼ ਨੂੰ ਕਿਸੇ ਹੋਰ ਫਾਰਮੈਟ ਵਿੱਚ ਪ੍ਰਾਪਤ ਕਰਨ ਲਈ emergency.communications@dffh.vic.gov.au 'ਤੇ ਈਮੇਲ ਕਰੋ।**

ISBN 978-1-76130-964-9 (pdf/online/MS word)

ਵਿਕਟੋਰੀਆ ਸਰਕਾਰ, 1 ਟ੍ਰੇਜ਼ਰੀ ਪਲੇਸ, ਮੈਲਬੌਰਨ ਦੁਆਰਾ ਅਧਿਕਾਰਤ ਅਤੇ ਪ੍ਰਕਾਸ਼ਿਤ।
© ਵਿਕਟੋਰੀਆ ਰਾਜ, ਆਸਟ੍ਰੇਲੀਆ, ਜਨਵਰੀ 2026। (2601512)

VICTORIA State Government